ਕੈਲੇਫੋਰਨੀਆ ਰਾਜ
ਡਿਪਾਰਟਮੈਂਟ ਔਫ਼ ਕੈਲੇਫੋਰਨੀਆ ਹਾਈਵੇ ਪਟਰੋਲ

# ਭਾਸ਼ਾ ਪਹੁੰਚ ਸੰਬੰਧੀ ਸ਼ਿਕਾਇਤ

CHP 240E (ਸੰਸ਼ੋਧਿਤ 2-25) OPI 034

| ***ਕੇਵਲ CHP ਵਰਤੋਂ ਲਈ*** | |
|---|---|
| ਸ਼ਿਕਾਇਤ ਨੰਬਰ | EOAS ਵੱਲੋਂ ਹਾਸਲ ਕਰਨ ਦੀ ਮਿਤੀ |

**I. ਸ਼ਿਕਾਇਤ ਪ੍ਰਕਿਰਿਆ: ਤੁਸੀਂ ਇਸ ਫਾਰਮ ਨੂੰ ਪੂਰਾ ਭਰਨ ਲਈ ਮਦਦ ਲਈ ਸਥਾਨਕ CHP ਦਫ਼ਤਰ ਨੂੰ ਵੀ ਸੰਪਰਕ ਕਰ ਸਕਦੇ ਹੋ।**

ਜੇ ਤੁਹਾਨੂੰ ਲੱਗਦਾ ਹੈ ਕਿ CHP, ਭਾਸ਼ਾ (ਗ਼ੈਰ-ਅੰਗਰੇਜ਼ੀ ਭਾਸ਼ਾ ਭਾਸ਼ੀ ਜਾਂ ਅੰਗਰੇਜ਼ੀ ਦੀ ਸੀਮਤ ਮੁਹਾਰਤ) ਜਾਂ ਕੋਈ ਹੋਰ ਸੰਚਾਰ ਸੰਬੰਧੀ ਰੁਕਾਵਟਾਂ ਕਰਕੇ, ਤੁਹਾਨੂੰ ਜਾਣਕਾਰੀ ਜਾਂ ਸੇਵਾਵਾਂ ਪ੍ਰਦਾਨ ਕਰਵਉਣ ਲਈ ਸਮਰੱਥ ਨਹੀਂ ਹੈ ਤਾਂ ਤੁਹਾਡੀ ਸਹਾਇਤਾ ਲਈ ਵਾਧੂ ਭਾਸ਼ਾ ਜਾਂ ਸੰਚਾਰ ਸਰੋਤ ਉਪਲਬਧ ਕਰਵਾਏ ਜਾ ਸਕਦੇ ਹਨ।
ਭਾਸ਼ਾ ਸੰਬੰਧੀ ਤੁਹਾਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ CHP ਦੀ ਸਹਾਇਤਾ ਕਰਨ ਲਈ ਹੇਠਾਂ ਲਿਖੀ ਜਾਣਕਾਰੀ ਨੂੰ ਪੂਰਾ ਭਰੋ।

(ਪੂਰਾ ਭਰਿਆ ਹੋਇਆ ਭਾਸ਼ਾ ਪਹੁੰਚ ਸੰਬੰਧੀ ਸ਼ਿਕਾਇਤ ਫਾਰਮ ਅਤੇ ਕੋਈ ਰਿਪੋਰਟ ਜਾਂ ਲੱਭਤ CHP ਵੱਲੋਂ 5 ਸਾਲਾਂ ਲਈ ਬਰਕਰਾਰ ਰੱਖਿਆ ਜਾਵੇਗਾ)।

**II. ਤੁਹਾਡੇ ਬਾਰੇ ਜਾਣਕਾਰੀ**

| ਸ਼ਿਕਾਇਤ ਦਾ ਨਾਮ *(ਕਿਰਪਾ ਕਰ ਕੇ ਪ੍ਰਿੰਟ ਕਰੋ)* | ਫ਼ੋਨ ਨੰਬਰ (ਘਰ/ਸੈੱਲ) |
|---|---|

ਮੇਲ ਦਾ ਪਤਾ *(ਗਲੀ, ਅਪਰਾਟਮੈਂਟ ਨੰਬਰ)*

ਸ਼ਹਿਰ, ਰਾਜ, ਪੋਸਟਲ ਕੋਡ

**III. ਤੁਹਾਡੀ ਸ਼ਿਕਾਇਤ ਬਾਰੇ ਵੇਰਵੇ**

| ਘਟਨਾ ਵਾਪਰਨ ਦਾ ਟਿਕਾਣਾ | ਘਟਨਾ ਵਾਪਰਨ ਦੀ ਮਿਤੀ ਅਤੇ ਸਮਾਂ |
|---|---|

- ☐ ਦੋ ਭਾਸ਼ੀਆ
- ☐ ਅਨੁਵਾਦਿਤ ਸਮੱਗਰੀ
- ☐ ਸੇਵਾਵਾਂ
- ☐ ਗਤੀਵਿਧੀਆਂ ਦੇ ਪ੍ਰੋਗਰਾਮ
- ☐ ਹੋਰ

ਉਪਰੋਕਤ ਚੋਣ ਦੀ ਵਿਆਖਿਆ ਕਰੋ, ਜੇ ਪਤਾ ਹੋਵੇ ਤਾਂ ਲੋੜੀਂਦੀ ਭਾਸ਼ਾ ਅਤੇ ਸਮੱਗਰੀਆਂ ਨੂੰ ਸ਼ਾਮਲ ਕਰੋ। ਜੇ ਵਾਧੂ ਜਗ੍ਹਾ ਦੀ ਲੋੜ ਪਏ ਤਾਂ ਤੁਸੀਂ ਵਾਧੂ ਪੇਜ ਵੀ ਨੱਥੀ ਸਕਦੇ ਹੋ।

ਇਸ ਸਮੱਸ੍ਹਿਆ ਦਾ ਹੱਲ ਕਰਨ ਲਈ ਚੁੱਕੇ ਗਏ ਕਿਸੇ ਕਦਮ ਨੂੰ ਸੂਚੀਬੱਧ ਕਰੋ। ਜੇ ਤੁਸੀਂ ਇਸ ਸ਼ਿਕਾਇਤ ਨੂੰ ਭਰਨ ਤੋਂ ਪਹਿਲਾਂ, ਇਸ ਸਮੱਸਿਆ ਨੂੰ ਹੱਲ ਕਰਨ ਲਈ ਸਾਡੇ ਸਟਾਫ਼ ਮੈਂਬਰਾਂ ਵਿਚੋਂ ਕਿਸੇ ਨਾਲ ਗੱਲ ਕੀਤੀ ਹੈ ਤਾਂ, ਨਾਮ ਮੁਹੱਈਆ ਕਰਵਾਓ,
ਜੇ ਲਾਗੂ ਹੋਣ, ਤਾਂ ਮਿਤੀ ਅਤੇ ਨਤੀਜੇ।

| ਸ਼ਿਕਾਇਤਕਰਤਾ ਦੇ ਦਸਤਖ਼ਤ | ਮਿਤੀ |
|---|---|

ਵੰਡ: ਮੂਲ - ਬਰਾਬਰ ਮੌਕੇ ਅਤੇ ਪਹੁੰਚ ਸੈਕਸ਼ਨ | ਕਾਪੀ - ਮੁੱਢਲੀ ਕਮਾਂਡ | ਕਾਪੀ - ਡਿਵੀਜ਼ਨ

ਕੈਲੇਫੋਰਨੀਆ ਰਾਜ
ਡਿਪਾਰਟਮੈਂਟ ਔਫ਼ ਕੈਲੇਫੋਰਨੀਆ ਹਾਈਵੇ ਪਟਰੋਲ

# ਭਾਸ਼ਾ ਪਹੁੰਚ ਸੰਬੰਧੀ ਸ਼ਿਕਾਇਤ

CHP 240E (ਸੰਸ਼ੋਧਿਤ 2-25) OPI 034

## CHP ਭਾਸ਼ਾ ਸੇਵਾਵਾਂ ਪਾਲਿਸੀ

ਡਾਇਮਲੀ - ਅਲਾਟੋਰ ਦੋ ਭਾਸ਼ਾਈ ਸੇਵਾਵਾਂ ਐਕਟ ਦੀਆਂ ਸ਼ਰਤਾਂ ਅਨੁਸਾਰ, CHP ਆਪਣੇ ਪ੍ਰੋਗਰਾਮਾਂ, ਸੇਵਾਵਾਂ ਅਤੇ ਗਤੀਵਿਧੀਆਂ ਤੱਕ ਸਾਰੇ ਵਿਅਕਤੀਆਂ ਨੂੰ ਬਰਾਬਰ ਪਹੁੰਚ ਮੁਹੱਈਆ ਕਰਨ ਲਈ ਵਚਨਬੱਧ ਹੈ, ਜਿਸ ਵਿੱਚ ਉਹ ਵਿਅਕਤੀ ਵੀ ਸ਼ਾਮਲ ਹਨ ਜਿਨ੍ਹਾਂ ਦੀ ਅੰਗਰੇਜ਼ੀ ਵਿੱਚ ਸੀਮਤ ਮੁਹਾਰਤ ਹੈ ਜਾਂ ਗੈਰ-ਅੰਗਰੇਜ਼ੀ ਭਾਸ਼ਾ-ਭਾਸ਼ੀ, ਬੋਲ਼ੇ, ਜਿਨ੍ਹਾਂ ਨੂੰ ਸੁਣਨ ਵਿੱਚ ਮੁਸ਼ਕਲ ਆਉਂਦੀ ਹੋਵੇ ਜਾਂ ਭਾਸ਼ਾ ਦੀਆਂ ਰੁਕਾਵਟਾਂ ਕਰਕੇ ਬਿਨਾਂ ਕਿਸੇ ਭੇਦਭਾਵ ਦੇ ਬੋਲਣ ਤੋਂ ਅਸਮੱਰਥ ਹੋਵੇ। ਪ੍ਰਭਾਵੀ ਸੰਚਾਰ ਨੂੰ ਦੁਭਾਸ਼ੀਏ, ਅਨੁਵਾਦਿਤ ਲਿਖਤੀ ਸਮੱਗਰੀ, ਜਾਂ ਹੋਰ ਜ਼ਰੂਰੀ ਸਹਾਇਤਾ, ਮੁਫ਼ਤ ਵਿੱਚ ਵਰਤੋਂ ਕਰ ਕੇ ਪ੍ਰਾਪਤ ਕੀਤਾ ਜਾਵੇਗਾ।

## ਨਿੱਜਤਾ ਨੋਟਿਸ

CHP ਦੇ ਬਰਾਬਰ ਮੌਕੇ ਅਤੇ ਪਹੁੰਚ ਸੈਕਸ਼ਨ (EOAS), ਸਰਕਾਰੀ ਕੋਡ ਸੈਕਸ਼ਨ 7290 ਅਤੇ ਅਨੁਕ੍ਰਮ ਦੇ ਅਨੁਸਾਰ ਇਸ ਫਾਰਮ 'ਤੇ ਨਿਰਧਾਰਤ ਜਾਣਕਾਰੀ ਦੀ ਬੇਨਤੀ ਕਰ ਰਿਹਾ ਹੈ। ਇਕੱਤਰ ਕੀਤੀ ਗਈ ਜਾਣਕਾਰੀ ਦੀ ਵਰਤੋਂ ਕੈਲੀਫੋਰਨੀਆ ਰਾਜ ਦੇ ਲੋਕਾਂ ਨਾਲ ਸੰਚਾਰ ਨੂੰ ਬਿਹਤਰ ਬਣਾਉਣ ਅਤੇ ਡਾਇਮਲੀ-ਅਲਟੋਰ ਦੋ ਭਾਸ਼ਾਈ ਸੇਵਾਵਾਂ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ। CHP ਦੀ ਸਧਾਰਨ ਨੀਤੀ ਨੂੰ www.chp.ca.gov 'ਤੇ ਦੇਖਿਆ ਜਾ ਸਕਦਾ ਹੈ। ਔਨਲਾਈਨ ਅਨੁਵਾਦ ਵਿਸ਼ੇਸ਼ਤਾ ਦੀ ਵਰਤੋਂ ਕਰਕੇ ਇਸਨੂੰ 100 ਤੋਂ ਵੱਧ ਭਾਸ਼ਾਵਾਂ ਵਿੱਚ ਦੇਖਿਆ ਜਾ ਸਕਦਾ ਹੈ।

**ਵਿਅਕਤੀਗਤ ਜਾਣਕਾਰੀ ਪ੍ਰਦਾਨ ਕਰਨਾ।** ਇਸ ਫਾਰਮ ਨੂੰ ਭਰਨਾ ਸਵੈਇੱਛਕ ਹੈ। ਹਾਲਾਂਕਿ, ਜੇਕਰ ਤੁਸੀਂ ਲੋੜੀਂਦੀ ਜਾਣਕਾਰੀ ਪ੍ਰਦਾਨ ਨਹੀਂ ਕਰਦੇ ਹੋ, ਤਾਂ CHP ਤੁਹਾਡੀਆਂ ਚਿੰਤਾਵਾਂ ਨੂੰ ਹੱਲ ਕਰਨ ਅਤੇ ਬੇਨਤੀ ਕੀਤੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਨਹੀਂ ਹੋ ਸਕਦਾ ਹੈ। ਕਿਰਪਾ ਕਰਕੇ ਕੋਈ ਵੀ ਅਜਿਹੀ ਵਿਅਕਤੀਗਤ ਜਾਣਕਾਰੀ ਪ੍ਰਦਾਨ ਨਾ ਕਰੋ ਜਿਸਦੀ ਬੇਨਤੀ ਨਾ ਕੀਤੀ ਗਈ ਹੋਵੇ ਜਿਵੇਂ ਕਿ ਸਮਾਜਿਕ ਸੁਰੱਖਿਆ ਨੰਬਰ, ਡਰਾਈਵਰ ਲਾਇਸੰਸ ਨੰਬਰ, ਵਿੱਤੀ ਖਾਤਾ, ਮੈਡੀਕਲ ਜਾਂ ਸਿਹਤ ਜਾਣਕਾਰੀ, ਆਦਿ।

**ਸੰਪਰਕ ਜਾਣਕਾਰੀ।** ਇਸ ਨੋਟਿਸ ਬਾਰੇ ਜਾਂ ਤੁਹਾਡੇ ਬਾਰੇ ਰਿਕਾਰਡਾਂ ਵਿੱਚ ਰੱਖੀ ਗਈ ਤੁਹਾਡੀ ਵਿਅਕਤੀਗਤ ਜਾਣਕਾਰੀ ਤੱਕ ਕਿਵੇਂ ਪਹੁੰਚ ਕਰਨੀ ਹੈ, ਇਸ ਬਾਰੇ ਸਵਾਲਾਂ ਲਈ, ਤੁਸੀਂ ਇਕੁਅਲ ਔਪਚਿਉਨਿਟੀ ਐਂਡ ਐਕਸੈਸ ਸੈਕਸ਼ਨ, ਪੀ.ਓ. ਬਾਕਸ 942898, ਸੈਕਰੋਮੈਂਟੋ, ਸੀਏ 94298-0001, EOAS@chp.ca.gov, (916) 843-3190 'ਤੇ ਸੰਪਰਕ ਕਰ ਸਕਦੇ ਹੋ।

## ਸ਼ਿਕਾਇਤ ਦਰਜ ਕਰਨ ਲਈ ਪੜਾਅ

**ਪੜਾਅ 1. ਸ਼ਿਕਾਇਤ ਦਰਜ ਕਰੋ:** CHP 240E ਭਾਸ਼ਾ ਪਹੁੰਚ ਸੰਬੰਧੀ ਫਾਰਮ ਪੂਰਾ ਭਰੋ ਅਤੇ ਜਾਂ ਤਾਂ ਮੇਲ ਜਾਂ ਈ-ਮੇਲ ਰਾਹੀਂ ਇਨ੍ਹਾਂ ਪਤਿਆਂ 'ਤੇ ਭੇਜੋ: ਕੈਲੀਫੋਰਨੀਆ ਹਾਈਵੇ ਪਟਰੋਲ, ਈਕੁਅਲ ਔਪਰਚਿਉਨਿਟੀ ਐਂਡ ਐਕਸੈੱਸ ਸੈਕਸ਼ਨ, 601 ਨੌਰਥ 7ਵੀਂ ਗਲੀ, ਸੈਕਰੋਮੈਂਟੋ, ਸੀਏ 95811-0208; EOAS@chp.ca.gov। ਕਥਿਤ ਵਿਤਕਰੇ ਦੀ ਕਾਰਵਾਈ ਦੀ ਮਿਤੀ ਤੋਂ ਵੱਧ ਤੋਂ ਵੱਧ 180 ਦਿਨਾਂ ਦੇ ਅੰਦਰ ਜ਼ਰੂਰ ਸ਼ਿਕਾਇਤ ਕਰ ਦਿੱਤੀ ਜਾਣੀ ਚਾਹੀਦੀ ਹੈ।

**ਪੜਾਅ 2. ਰਸੀਦ:** CHP ਸ਼ਿਕਾਇਤ ਦੀ ਪ੍ਰਾਪਤੀ ਦੇ 10 ਕੰਮਕਾਜੀ ਦਿਨਾਂ ਦੇ ਅੰਦਰ ਇੱਕ ਰਸੀਦ ਭੇਜੇਗਾ।

**ਪੜਾਅ 3. ਗ਼ੈਰ-ਰਸਮੀ ਹੱਲ:** ਪ੍ਰਾਪਤੀ ਦੇ 45 ਕੈਲੰਡਰ ਦਿਨਾਂ ਦੇ ਅੰਦਰ, CHP ਕਥਿਤ ਉਲੰਘਣਾ ਦੀ ਵੈਧਤਾ ਨੂੰ ਨਿਰਧਾਰਤ ਕਰਨ ਲਈ ਲੋੜੀਂਦੀ ਪੜਤਾਲ ਨੂੰ ਪੂਰਾ ਕਰੇਗਾ। ਜੇ ਢੁੱਕਵੀਂ ਪਾਈ ਗਈ ਹੋਵੇ, CHP ਮਸਲੇ ਦਾ ਚਰਚਾ ਕਰਨ ਅਤੇ ਸ਼ਿਕਾਇਤ ਦਾ ਗ਼ੈਰ-ਰਸਮੀ ਹੱਲ ਕਰਨ ਲਈ ਸ਼ਿਕਾਇਤਕਰਤਾ ਨਾਲ ਸੰਪਰਕ ਕਰੇਗਾ। ਸ਼ਿਕਾਇਤ ਦੇ ਕਿਸੇ ਵੀ ਗ਼ੈਰ-ਰਸਮੀ ਹੱਲ ਦਾ ਦਸਤਾਵੇਜ਼ੀਕਰਨ ਕੀਤਾ ਜਾਵੇਗਾ ਅਤੇ ਕੇਸ ਨੂੰ ਬੰਦ ਕਰ ਦਿੱਤਾ ਜਾਵੇਗਾ।

**ਪੜਾਅ 4. ਲਿਖਿਤ ਮੁਲਾਂਕਣ:** ਜੇ ਸ਼ਿਕਾਇਤ ਹਾਸਲ ਕਰਨ ਦੇ 60 ਕੈਲੰਡਰ ਦਿਨਾਂ ਦੇ ਅੰਦਰ-ਅੰਦਰ, ਪੜਾਅ 3 ਵਿੱਚ ਸ਼ਿਕਾਇਤ ਦਾ ਗ਼ੈਰ-ਰਸਮੀ ਹੱਲ ਨਹੀਂ ਹਾਸਲ ਕੀਤਾ ਗਿਆ ਹੋਵੇ ਤਾਂ ਸ਼ਿਕਾਇਤ ਦੀ ਵੈਧਤਾ ਦੇ ਸੰਬੰਧ ਵਿੱਚ ਇੱਕ ਲਿਖਿਤ ਮੁਲਾਂਕਣ ਅਤੇ ਹੱਲ ਦਾ ਵੇਰਵਾ, ਜੇਕਰ ਢੁੱਕਵਾਂ ਹੋਵੇ ਤਾਂ ਮਨਜ਼ੂਰੀ ਲਈ ਕਮਿਸ਼ਨਰ ਨੂੰ ਭੇਜਿਆ ਜਾਵੇਗਾ।

**ਪੜਾਅ 5. ਅੰਤਮ ਮੁਲਾਂਕਣ ਅਤੇ ਹੱਲ:** ਜਦੋਂ ਤੱਕ ਕਮਿਸ਼ਨਰ ਸ਼ਿਕਾਇਤ ਨੂੰ ਅੱਗੇ ਹੋਰ ਵਿਚਾਰਣ ਲਈ ਕਮਿਸ਼ਨਰ ਵਾਧੂ ਸਮੇਂ ਲਈ ਅਧਿਕਾਰਤ ਨਹੀਂ ਕਰਦਾ CHP 75 ਕੈਲੰਡਰ ਦਿਨਾਂ ਵਿਚਕਾਰ ਸ਼ਿਕਾਇਤ ਦਾ ਮੁਲਾਂਕਣ ਅਤੇ ਹੱਲ ਪੇਸ਼ ਕਰੇਗੀ। ਸਮੇਂ ਦੇ ਕਿਸੇ ਵੀ ਅਧਿਕਾਰਤ ਵਿਸਥਾਰ ਬਾਰੇ ਸ਼ਿਕਾਇਤਕਰਤਾ ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਸ਼ਿਕਾਇਤਕਰਤਾ ਨੂੰ CHP ਦੇ ਉੱਤਰ ਨੂੰ ਮੁੜ ਵਿਚਾਰਣ ਲਈ ਕਿਸੇ ਵੀ ਬੇਨਤੀ ਨੂੰ ਮੁਲਾਂਕਣ ਹਾਸਲ ਕਰਨ ਦੇ 15 ਕੈਲੰਡਰ ਦਿਨਾਂ ਵਿਚਕਾਰ ਹੇਠਾਂ ਦਿੱਤੇ ਪਤੇ 'ਤੇ ਭੇਜਿਆ ਜਾਣਾ ਚਾਹੀਦਾ ਹੈ: **ਕਮਿਸ਼ਨਰ ਦੇ ਦਫ਼ਤਰ, ਕੈਲੀਫੋਰਨੀਆ ਹਾਈਵੇ ਪਟਰੋਲ, ਪੀ. ਓ. ਬਾਕਸ 942898, ਸੈਕਰੋਮੈਂਟੋ, ਸੀਏ 94298-0001।**

**ਹੋਰ ਵਿਕਲਪ**: ਤੁਸੀਂ (916) 909-3847 'ਤੇ ਕੈਲੇਫੋਰਨੀਆ ਦੇ ਮਨੁੱਖੀ ਸਰੋਤ ਵਿਭਾਗ ਨੂੰ CHP ਵਿਰੁੱਧ ਭਾਸ਼ਾ ਪਹੁੰਚ ਸ਼ਿਕਾਇਤ ਵੀ ਦਰਜ ਕਰ ਸਕਦੇ ਹੋ। ਟੇਲੀਫ਼ੋਨ ਨੰਬਰ ਤੁਹਾਨੂੰ ਵੋਇਸ ਰਿਕਾਰਡਰ ਨਾਲ ਜੋੜ ਦੇਵੇਗਾ ਜਿੱਥੇ ਤੁਸੀਂ ਸ਼ਿਕਾਇਤ ਦੇ ਵੇਰਵਿਆਂ ਦਾ ਵਰਨਣ ਕਰਦੇ ਹੋਏ ਸੰਦੇਸ਼ ਛੱਡ ਸਕਦੇ ਹੋ। ਦੋ ਭਾਸ਼ਾਈ ਸੇਵਾ ਪ੍ਰੋਗਰਾਮ CHP ਨਾਲ ਹੱਲ ਲਈ ਅੱਗੇ ਦੀ ਕਾਰਵਾਈ ਕਰੇਗਾ। ਤੁਸੀਂ ਸੰਯੁਕਤ ਰਾਜ ਅਮਰੀਕਾ, ਡਿਪਾਰਟਮੈਂਟ ਔਫ ਜਸਟਿਸ, ਸਿਵਿਲ ਰਾਈਟਸ ਦੇ ਦਫ਼ਤਰ, 950, ਪੇਨਿਨਸਿਲਵੇਨੀਆ ਐਵਿਨਿਊ, NW, ਵਾਸ਼ਿੰਗਟਨ, ਡੀਸੀ 20530-0001 ਨੂੰ ਵੀ ਸੰਪਰਕ ਕਰ ਸਕਦੇ ਹੋ।